ਮਈ 13, 2020

## ਯੁਬਾ-ਸਟਰ ਪ੍ਰਮਾਣਿਕਤਾ / ਰੋਡਮੈਪ ਨਾਲ ਸਬੰਧਤ ਅਕਸਰ ਪੁੱਛੇ ਜਾਂਦੇ ਪ੍ਰਸ਼ਨ

### ਅਗਲੇ ਪੜਾਅ ਤੇ ਫੇਜ਼-ਇਨ ਕਰਨ ਤੋਂ ਪਹਿਲਾਂ ਸਥਾਨਕ ਕਾਉਂਟੀਆਂ ਨੂੰ ਕਿਹੜੇ ਮਾਪਦੰਡ ਪੂਰੇ ਕਰਨੇ ਪੈਣਗੇ?

ਵੀਰਵਾਰ, 7 ਮਈ, 2020 ਨੂੰ ਕੈਲੀਫੋਰਨੀਆ ਦੇ ਪਬਲਿਕ ਹੈਲਥ ਵਿਭਾਗ ਨੇ ਮਾਪਦੰਡ ਤਹਿ ਕੀਤੇ,ਜੋ ਸਟੇਟ ਦੇ "ਘਰ ਰਹੋ" ਦੇ ਅਗਲੇ ਪੜਾਅ 'ਤੇ ਜਾਣ ਲਈ ਕਾਉਂਟੀ ਨੂੰ ਪੂਰਾ ਕਰਨੇ ਚਾਹੀਦੇ ਹਨ। ਉਸ ਮਾਪਦੰਡ ਵਿੱਚ ਮਹਾਂਮਾਰੀ ਵਿਗਿਆਨਕ ਸਥਿਰਤਾ, ਪੜਾਅ 1 ਜ਼ਰੂਰੀ ਕਰਮਚਾਰੀਆਂ ਦੀ ਸੁਰੱਖਿਆ, ਟੈਸਟਿੰਗ ਸਮਰੱਥਾ, ਫੈਲਣ ਦੀ ਸਥਿਤੀ ਵਿੱਚ ਬੇਘਰੇ ਵਿਅਕਤੀਆਂ ਲਈ ਰਹਿਣ ਦੀ ਥਾਂ ਅਤੇ ਹਸਪਤਾਲ ਦੀ ਸਮਰੱਥਾ ਸ਼ਾਮਲ ਹੈ।

### ਕੋਵਿਡ-19 ਦੀ "ਮਹਾਂਮਾਰੀ ਸਥਿਰਤਾ" ਦਾ ਕੀ ਅਰਥ ਹੈ?

ਇਸਦਾ ਅਰਥ ਹੈ ਕਿ ਕੋਵਿਡ -19 ਕੇਸਾਂ ਦਾ ਪ੍ਰਸਾਰ ਬਹੁਤ ਘੱਟ ਹੈ ਜੋ ਪਬਲਿਕ ਹੈਲਥ ਪ੍ਰਤਿਕ੍ਰਿਆ ਦੁਆਰਾ ਤੇਜ਼ੀ ਨਾਲ ਸੰਭਾਲਿਆ ਜਾ ਸਕਦਾ ਹੈ।

### ਕੀ ਅਸੀ ਸਥਾਨਕ ਰੈਸਟੋਰੈਂਟ ਵਿਚ ਖਾਣਾ ਖਾ ਸਕਾਂਗੇ?

ਡਾਈਨ-ਇਨ ਰੈਸਟੋਰੈਂਟ ਲੇਟ ਸਟੇਜ 2 ਦਾ ਹਿੱਸਾ ਹਨ, ਇਸਦਾ ਮਤਲਬ ਹੈ ਕਿ ਡਾਇਨ-ਇਨ ਰੈਸਟੋਰੈਂਟਸ ਜਗ੍ਹਾ ਵਿਚ ਸਹੀ ਸੋਧ ਨਾਲ ਖੁੱਲ ਸਕਦੇ ਹਨ। ਇਹ ਇਕੋ ਟੇਬਲ ਤੇ ਇੱਕੋ ਪਰਿਵਾਰ ਦੇ ਵਸਨੀਕਾਂ ਤੱਕ ਸੀਮਤ ਹੋਣਾ ਚਾਹੀਦਾ ਹੈ। 13 ਮਈ, 2020 ਨੂੰ ਦੁਪਹਿਰ ਤੋਂ, ਯੁਬਾ-ਸਟਰ ਦੀ ਸੋਧੀ ਪ੍ਰਮਾਣਿਤ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਕੈਲੀਫੋਰਨੀਆ ਦੇ ਲੋਕ ਸਿਹਤ ਵਿਭਾਗ ਦੀ ਵੈਬਸਾਈਟ ਤੇ ਪ੍ਰਕਾਸ਼ਤ ਕੀਤਾ ਗਿਆ ਹੈ। ਤੁਸੀਂ ਸਟੇਟ ਦੀਆਂ ਤਬਦੀਲੀਆਂ ਨੂੰ ਇੱਥੇ ਵੇਖ ਸਕਦੇ ਹੋ https://bit.ly/2LrNiYV, ਜਾਂ ਸਥਾਨਕ ਪ੍ਰੋਟੋਕੋਲ ਇੱਥੇ ਵੇਖ ਸਕਦੇ ਹੋ https://bit.ly/2LlXZMO

### ਕੀ ਮੈਂ ਆਪਣੇ ਵਾਲਾਂ ਦਾ ਕੋਈ ਵੀ ਕੰਮ ਕਰ ਸਕਦਾ ਹਾਂ?

ਸਟੇਟ ਦੇ ਪੜਾਅ 2 ਦੇ ਅਧੀਨ, ਨਿੱਜੀ ਦੇਖਭਾਲ ਸੇਵਾਵਾਂ ਨੂੰ ਦੁਬਾਰਾ ਖੋਲ੍ਹਣ ਦੀ ਆਗਿਆ ਨਹੀਂ ਹੈ, ਜਿਸ ਵਿੱਚ ਵਾਲਾਂ ਅਤੇ ਨਹੁੰ ਸੈਲੂਨ, ਟੈਟੂ ਪਾਰਲਰ, ਜਿੰਮ ਅਤੇ ਤੰਦਰੁਸਤੀ ਸਟੂਡੀਓ ਸ਼ਾਮਲ ਹਨ।

ਬਾਈ-ਕਾਉਂਟੀ ਸਿਹਤ ਅਧਿਕਾਰੀ ਡਾ. ਲੂੰ ਆਪਣੇ ਸਥਾਨਕ ਆਰਡਰ ਦੇ ਵਿਗਿਆਨ ਨਾਲ ਖੜੇ ਹਨ ਅਤੇ ਇਸ ਨੂੰ ਪਿੱਛੇ ਨਹੀ ਲੈਣਗੇ। ਸਥਾਨਕ ਆਰਡਰ ਘੱਟ ਜੋਖਮ ਵਾਲੇ ਕਾਰੋਬਾਰਾਂ ਨੂੰ ਸੰਸ਼ੋਧਨ (ਨਿੱਜੀ ਦੇਖਭਾਲ ਸੇਵਾਵਾਂ ਸਮੇਤ) ਦੀ ਆਗਿਆ ਦਿੰਦਾ ਹੈ, ਪਰ ਮਾਨਤਾ ਦਿੰਦਾ ਹੈ ਕਿ ਸਥਾਨਕ ਆਰਡਰ ਅਤੇ ਸਟੇਟ ਆਰਡਰ ਵਿਚ ਅੰਤਰ ਹੈ-- ਇਹ ਉਦਯੋਗ, ਜੇ ਉਨ੍ਹਾਂ ਨੂੰ ਦੁਬਾਰਾ ਖੋਲ੍ਹਣ ਦੀ ਚੋਣ ਕਰਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਦੋਵਾਂ ਆਦੇਸ਼ਾਂ ਨੂੰ ਪੂਰੀ ਤਰ੍ਹਾਂ ਪੜ੍ਹਨਾ ਚਾਹੀਦਾ ਹੈ ਅਤੇ ਦੁਬਾਰਾ ਖੁੱਲ੍ਹਣ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਨਿੱਜੀ ਕਾਨੂੰਨੀ ਸਲਾਹ ਲੈਣ'ਤੇ ਵਿਚਾਰ ਕਰਨਾ ਚਾਹੀਦਾ ਹੈ।

## ਸਟੇਟ ਦੇ ਪੜਾਅ 2 ਦੇ ਅਧੀਨ ਹੋਰ ਕੀ ਇਜਾਜ਼ਤ ਨਹੀ ਹੈ?

ਸਟੇਟ ਅਨੁਸਾਰ ਕੁਝ ਸੈਕਟਰਾਂ ਨੂੰ ਇਸ ਸਮੇਂ ਸੰਚਾਲਨ ਦੀ ਇਜਾਜ਼ਤ ਨਹੀਂ ਹੈ ਜਿਸ ਵਿੱਚ ਬਾਰ, ਵਾਈਨਰੀ, ਫਿਲਮ ਥੀਏਟਰ, ਜੂਆ, ਇਨਡੋਰ ਅਜਾਇਬ ਘਰ, ਚਿੜੀਆਘਰ, ਲਾਇਬ੍ਰੇਰੀਆਂ, ਜਨਤਕ ਤਲਾਬ, ਖੇਡ ਮੈਦਾਨ, ਧਾਰਮਿਕ ਸੇਵਾਵਾਂ, ਨਾਈਟ ਕਲੱਬ, ਸਮਾਰੋਹ ਦੇ ਸਥਾਨ, ਤਿਉਹਾਰਾਂ ਆਦਿ ਸ਼ਾਮਲ ਹਨ। ਪੂਰੀ ਸੂਚੀ ਲਈ, ਵੇਖੋ https://bit.ly/3fM66QI.

## ਸਟੇਟ ਅਨੁਸਾਰ ਵਿਅਕਤੀਗਤ ਸਕੂਲਿੰਗ ਪੜਾਅ 2 ਦੇ ਅਧੀਨ ਦੁਬਾਰਾ ਖੋਲ੍ਹਣ ਦੀ ਆਗਿਆ ਦਿੰਦਾ ਹੈ। ਯੂਬਾ-ਸੂਟਰ ਇਨ-ਪਰਸਨ ਸਕੂਲਿੰਗ ਦੁਬਾਰਾ ਕਿਉਂ ਨਹੀਂ ਖੁੱਲ੍ਹੇਗਾ?

ਵਿਅਕਤੀਗਤ ਸਕੂਲੀ ਪੜ੍ਹਾਈ ਵਿੱਚ ਉੱਚ ਜੋਖਮ ਹੈ ਇਸ ਸੰਬੰਧ ਵਿਚ ਕਿ ਵਿਅਕਤੀ ਕਿੰਨੀ ਨੇੜਿਓਂ ਅਤੇ ਕਿੰਨੇ ਸਮੇਂ ਲਈ ਇੱਕ ਦੂਜੇ ਨਾਲ ਸੰਪਰਕ ਵਿੱਚ ਹਨ, ਅਤੇ ਨਾਲ ਹੀ ਵਿਅਕਤੀਆਂ ਦੀ ਗਿਣਤੀ। ਇਸ ਲਈ, ਵਿਅਕਤੀਗਤ ਸਕੂਲਿੰਗ ਨੂੰ ਯੂਬਾ-ਸੂਟਰ, ਜਾਂ ਗੁਆਂਢੀ ਕਾਉਂਟੀਆਂ ਦੇ ਸ਼ੁਰੂਆਤੀ ਦੁਬਾਰਾ ਖੁੱਲਣ ਦੇ ਪੜਾਅ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

## ਅਸੀਂ ਪੜਾਅ 3 ਤੇ ਕਦੋਂ ਜਾ ਸਕਦੇ ਹਾਂ? ਉਸ ਪੜਾਅ ਤਹਿਤ ਕਿਹੜੇ ਕਾਰੋਬਾਰ ਦੁਬਾਰਾ ਖੁੱਲ੍ਹਣਗੇ?

ਇਹ,ਕਮਿਉਨਿਟੀ ਦੁਆਰਾ ਵਾਇਰਸ ਦੇ ਸੰਪਰਕ ਨੂੰ ਘੱਟ ਕਰਨ ਲਈ ਸਹੀ ਪ੍ਰੋਟੋਕੋਲ ਦੀ ਪਾਲਣਾ ਕਰਨ ਦੇ ਨਾਲ-ਨਾਲ ਬਾਈ-ਕਾਉਂਟੀ ਪਬਲਿਕ ਹੈਲਥ ਟੀਮ ਦੀ ਕਿਸੇ ਵੀ ਪ੍ਰਕੋਪ ਨੂੰ ਟ੍ਰੈਕ ਕਰਨ ਦੀ ਸਮਰੱਥਾ ਦੇ ਅਧਾਰ ਤੇ ਨਿਰਧਾਰਤ ਕੀਤਾ ਜਾਵੇਗਾ।

ਪੜਾਅ 3 ਦੇ ਤਹਿਤ, ਵਧੇਰੇ ਜੋਖਮ ਵਾਲੇ, ਵਿਸ਼ਾਲ ਇਕੱਠਿਆਂ ਸਥਾਨਾਂ ਨੂੰ ਦੁਬਾਰਾ ਖੋਲ੍ਹਣ ਦੀ ਆਗਿਆ ਦਿੱਤੀ ਜਾਏਗੀ, ਹਾਲਾਂਕਿ ਮਹੱਤਵਪੂਰਣ ਤਬਦੀਲੀਆਂ ਦੇ ਨਾਲ, ਇਸ ਵਿੱਚ ਮੁਵੀ ਥੀਏਟਰ, ਧਾਰਮਿਕ ਸੇਵਾਵਾਂ ਅਤੇ ਵਧੇਰੇ ਨਿੱਜੀ ਅਤੇ ਪ੍ਰਾਹੁਣਚਾਰੀ ਸੇਵਾਵਾਂ ਸ਼ਾਮਲ ਹਨ। ਸਭ ਤੋਂ ਵੱਧ ਜੋਖਮ ਵਾਲੇ ਸੈਕਟਰ - ਸੰਗੀਤ ਸਮਾਰੋਹ, ਸੰਮੇਲਨ ਅਤੇ ਖੇਡ ਅਖਾੜੇ - ਪੜਾਅ 4 ਦੇ ਤਹਿਤ ਦੁਬਾਰਾ ਖੁੱਲ ਸਕਦੇ ਹਨ।

## ਸਟੇਟ ਦਾ ਕਹਿਣਾ ਹੈ ਕਿ ਕਾਉਂਟੀ ਕੇਸ ਦੀ ਗਣਨਾ ਪਿਛਲੇ 14 ਦਿਨਾਂ (ਪ੍ਰਤੀਯੋਗੀ ਦਸਤਾਵੇਜ਼ ਪੇਸ਼ ਕਰਨ ਤੋਂ ਬਾਅਦ) ਵਿੱਚ 1 ਕੌਵੀਡ -19 ਕੇਸ ਪ੍ਰਤੀ 10,000 ਤੋਂ ਵੱਧ ਨਹੀਂ ਹੋ ਸਕਦੀ, ਅਤੇ ਪਿਛਲੇ 14 ਦਿਨਾਂ ਵਿੱਚ ਕੋਈ ਵੀ ਕੋਵਿਡ -19 ਦੀ ਮੌਤ ਨਾ ਹੋਈ ਹੋਵੇ।

8 ਮਈ, 2020 ਤੱਕ, ਸਾਡੇ ਕੋਲ ਸਟਰ ਕਾਉਟੀ ਵਿੱਚ ਪ੍ਰਤੀ 10,000 ਵਸਨੀਕਾਂ ਤੇ ਕੁੱਲ 0.30 ਨਵੇਂ ਕੋਵਿਡ -19, ਅਤੇ ਯੂਬਾ ਕਾਉਟੀ ਵਿੱਚ ਪ੍ਰਤੀ 10,000 ਵਸਨੀਕਾਂ ਵਿੱਚ 0.51 ਨਵੇਂ ਕੋਵਿਡ -19 ਕੇਸ ਹਨ।

ਪਿਛਲੇ 14 ਦਿਨਾਂ ਵਿੱਚ, ਯੂਬਾ-ਸਟਰ ਵਿੱਚ ਕੋਵਿਡ-19 ਨਾਲ ਜ਼ੀਰੋ ਮੌਤ ਹੋਈ ਹੈ।

## ਜਦੋਂ ਟੈਸਟਿੰਗ ਸਮਰੱਥਾ ਦੀ ਜਾਂਚ ਕਰਨ ਦੀ ਗੱਲ ਆਉਂਦੀ ਹੈ ਤਾਂ ਯੂਬਾ-ਸਟਰ ਕਿਸ ਤਰ੍ਹਾਂ ਕੰਮ ਕਰ ਰਿਹਾ ਹੈ?

ਹੁਣ ਤੱਕ, ਯੁਬਾ-ਸਟਰ ਵਿਚ, ਸਟੇਟ ਦੀਆ ਬਾਕੀ ਥਾਵਾਂ ਦੀ ਤਰ੍ਹਾਂ, ਸੀਮਤ ਟੈਸਟਿੰਗ ਕਿੱਟਾਂ ਸੀ, ਜਿਸ ਕਰਕੇ ਸਕ੍ਰੀਨਿੰਗ ਬਹੁਤ ਪ੍ਰਮੁੱਖ ਸੀ।

ਖਿੱਤੇ ਦੀ ਟੈਸਟਿੰਗ ਸਮਰੱਥਾ ਨੂੰ ਹੁਣ ਉੱਚ ਮੰਨਿਆ ਜਾ ਸਕਦਾ ਹੈ, ਗੈਰ-ਹਸਪਤਾਲ ਵਿਚ ਦਾਖਲੇ ਲਈ ਵੱਧ ਤੋਂ ਵੱਧ ਸਮਰੱਥਾ ਪ੍ਰਤੀ ਦਿਨ 471- ਜਾਂ ਪ੍ਰਤੀ 2.6 ਟੈਸਟ ਪ੍ਰਤੀ 1,000 ਵਸਨੀਕਾਂ ਦੇ - ਸਟੇਟ ਅਨੁਸਾਰ ਘੱਟੋ ਘੱਟ 1.5 ਪ੍ਰਤੀ 1000 ਵਸਨੀਕਾਂ ਦੇ ਟੈਸਟ ਕਰਨ ਦੀ ਸਿਫਾਰਿਸ਼ ਹੈ ।

ਟੈਸਟਿੰਗ ਸਮਰੱਥਾ ਵਿਚ ਇਹ ਵਾਧਾ ਓਪਟਮਸਰਵ ਸਾਈਟ, ਜੋ ਕਿ ਯੁਬਾ ਸਿਟੀ ਵਿਚ 4 ਮਈ, 2020 ਵਿਚ ਖੁੱਲ੍ਹਿਆ ਸੀ, ਅਤੇ ਨਾਲ ਹੀ ਦੇ ਹਫ਼ਤਿਆਂ ਵਿਚ ਘੱਟ ਮੰਗ ਦਾ ਨਤੀਜਾ ਹੈ।

## ਕੀ ਯੁਬਾ-ਸਟਰ ਕੋਲ ਕਾਫ਼ੀ ਸੰਪਰਕ ਟ੍ਰੈਸਰ ਹਨ? ਸੰਪਰਕ ਟਰੇਸਰ ਕੀ ਕਰਦੇ ਹਨ?

ਸੰਪਰਕ ਟਰੇਸਰ ਪਬਲਿਕ ਹੈਲਥ ਸਟਾਫ ਹਨ ਜੋ ਸਕਾਰਾਤਮਕ ਪੁਸ਼ਟੀ ਕੀਤੀ COVid-19 ਕੇਸਾਂ ਅਤੇ ਉਨ੍ਹਾਂ ਦੇ ਨਜ਼ਦੀਕੀ ਸੰਪਰਕਾਂ ਨਾਲ ਸੰਚਾਰ ਕਰਦੇ ਹਨ: ਕੋਈ ਵਿਅਕਤੀ ਜਿਸ ਨੇ ਹਾਲ ਹੀ ਵਿੱਚ ਉਸ ਵਿਅਕਤੀ ਨਾਲ ਨੇੜਿਓਂ ਗੱਲਬਾਤ ਕੀਤੀ, ਜਿਸ ਵਿੱਚ ਪਰਿਵਾਰ ਦੇ ਮੈਂਬਰ, ਅਤੇ ਸਹਿਕਰਮੀਆਂ ਸ਼ਾਮਲ ਹੋ ਸਕਦੇ ਹਨ, ਮਿਆਦ ਅਤੇ ਐਕਸਪੋਜਰ ਦੀ ਨੇੜਤਾ ਦੇ ਅਧਾਰ ਤੇ।

ਕੇਸਾਂ ਦੀ ਘੱਟ ਗਿਣਤੀ ਨੂੰ ਵੇਖਦੇ ਹੋਏ, ਬਾਈ-ਕਾਉਂਟੀ ਪਬਲਿਕ ਹੈਲਥ ਟੀਮ ਕੋਲ 8 ਸੰਪਰਕ ਟਰੇਸਰ ਅਤੇ 3 ਸੰਪਰਕ ਜਾਂਚਕਰਤਾ ਹਨ। ਅਤਿਰਿਕਤ 16 ਟਰੇਸਰ ਅਤੇ 3 ਸੰਪਰਕ ਜਾਂਚਕਰਤਾਵਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜਿਸ ਨਾਲ ਅਸੀਂ 24 ਘੰਟਿਆਂ ਵਿੱਚ 24 ਸੰਪਰਕ ਟ੍ਰੈਸਰਾਂ ਅਤੇ 6 ਸੰਪਰਕ ਜਾਂਚਕਰਤਾਵਾਂ ਨੂੰ ਤੇਜ਼ੀ ਨਾਲ ਰੈਮਪ ਕਰ ਸਕਦੇ ਹਾਂ- ਜਿਸ ਨਾਲ ਸਾਡੇ ਕੋਲ 17 ਸੰਪਰਕ ਸਟਾਫ ਹਰੇਕ 100,000 ਲਈ ਹਨ; ਸਟੇਟ ਅਨੁਸਾਰ 100,000 ਕਾਉਂਟੀ ਦੀ ਆਬਾਦੀ 'ਤੇ ਘੱਟੋ ਘੱਟ 15 ਸਟਾਫ ਦੀ ਜ਼ਰੂਰਤ ਹੈ।

ਦੋਵੇਂ ਕਾਉਂਟੀਆਂ ਦੀਆਂ ਪਬਲਿਕ ਹੈਲਥ ਨਰਸਾਂ ਅਤੇ ਸਟਰ ਕਾਉਂਟੀ ਦੇ ਮਹਾਂਮਾਰੀ ਵਿਗਿਆਨੀ ਦੀ ਬਾਕੀ ਬਚੀ ਗਤੀਸ਼ੀਲਤਾ ਇਸ ਗਿਣਤੀ ਨੂੰ ਵਾਧੂ 10-15 ਵਧਾ ਸਕਦੇ ਹਨ।

## ਸਟਾਫ ਨੂੰ ਸੁਰੱਖਿਅਤ ਰੱਖਣ ਲਈ ਯੁਬਾ ਅਤੇ ਸਟਰ ਕਾਉਂਟੀਆਂ ਨੇ ਕੀ ਸਾਵਧਾਨੀਆਂ ਵਰਤੀਆਂ ਹਨ?

ਕੰਮ ਵਿਚ ਸੁਰੱਖਿਅਤ ਵਾਪਸੀ ਦੀ ਪ੍ਰਕਿਰਿਆ ਦੇ ਸੰਬੰਧ ਵਿਚ ਵੱਖ-ਵੱਖ ਸਰਕਾਰੀ ਏਜੰਸੀਆਂ ਨੂੰ ਜਾਗਰੂਕ ਕਰਨ ਅਤੇ ਸੂਚਿਤ ਕਰਨ ਲਈ ਅਸੀਂ ਇਕ ਕੋਵਿਡ -19 ਟੂਲਕਿੱਟ ਅਤੇ ਅਕਸਰ ਪੁੱਛੇ ਗਏ ਸਵਾਲਾਂ ਨੂੰ ਇਕੱਤਰ ਕੀਤਾ ਹੈ: ਰੋਜ਼ਾਨਾ ਲੱਛਣਾਂ ਦੀ ਜਾਂਚ ਅਤੇ ਸਾਰੇ ਕਰਮਚਾਰੀਆਂ ਲਈ ਤਾਪਮਾਨ ਦੀ ਜਾਂਚ ਅਤੇ ਕਾਉਂਟੀ ਦੀ ਪ੍ਰਾਪਰਟੀ ਵਿੱਚ ਦਾਖਲ ਹੋਣ ਵਾਲੇ ਸਾਰਿਆਂ ਲਈ ਇੱਕ ਵਿਆਪਕ ਚਿਹਰੇ ਨੂੰ ਢੱਕਣ ਦੀ ਨੀਤੀ।

ਕਾਉਂਟੀ ਨੇ ਕਰਮਚਾਰੀਆਂ ਲਈ ਫੇਸ ਮਾਸਕ ਅਤੇ ਜਿੱਥੇ ਢੁੱਕਵੇਂ, ਦਸਤਾਨੇ, ਸਰਜੀਕਲ ਮਾਸਕ ਅਤੇ ਐਨ -95 ਮਾਸਕ ਸ਼ਾਮਲ ਹਨ, ਲਈ ਕਾਫ਼ੀ ਨਿੱਜੀ ਸੁਰੱਖਿਆ ਉਪਕਰਣ ਵੀ ਹਾਸਲ ਕਰ ਲਏ ਹਨ।

ਕਾਉਂਟੀ ਰੋਜ਼ਾਨਾ ਵੈਬਸਾਈਟਾਂ ਨੂੰ ਅਪਡੇਟ ਕਰਕੇ ਕਾਰੋਬਾਰਾਂ ਅਤੇ ਜਨਤਾ ਲਈ ਜਾਣਕਾਰੀ ਦਿੰਦੀ ਹੈ ਜਿਸ ਵਿੱਚ ਕੋਵਿਡ-19 ਪ੍ਰੋਟੋਕੋਲ, ਅਕਸਰ ਪੁੱਛੇ ਜਾਂਦੇ ਸਵਾਲ, ਸਕ੍ਰੀਨਿੰਗ ਅਤੇ ਟੈਸਟਿੰਗ ਜਾਣਕਾਰੀ, ਕੇਸ ਕਾਉਂਟ ਡੈਸ਼ਬੋਰਡ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

## ਤੁਸੀਂ ਬੇਘਰੇ ਵਿਅਕਤੀਆਂ ਦੀ ਰੱਖਿਆ ਲਈ ਕੀ ਕਰ ਰਹੇ ਹੋ?

ਯੂਬਾ-ਸਟਰ ਖੇਤਰ ਵਿਚ 213 ਬੇਘਰੇ ਵਿਅਕਤੀਆਂ ਨੂੰ ਜਾਂ ਜਨਵਰੀ 2019 ਦੀ ਬੇਘਰ ਵਿਅਕਤੀਆਂ ਦੀ 721 ਗਣਨਾ ਵਿਚੋਂ 30 ਪ੍ਰਤੀਸ਼ਤ ਵਿਅਕਤੀਆਂ ਨੂੰ ਰਿਹਾਇਸ਼ ਦੇਣ ਦੀ ਸਮਰੱਥਾ ਹੈ। ਬੇਘਰੇ ਵਿਅਕਤੀਆਂ ਵਿੱਚ ਕੋਈ ਪੁਸ਼ਟੀ ਹੋਏ ਕੇਸ ਨਹੀਂ ਹੋਏ ਹਨ।

ਕੋਵਿਡ-19 ਦੇ ਸ਼ੱਕੀ ਬੇਘਰੇ ਵਿਅਕਤੀਆਂ ਲਈ, ਸਮੇਂ ਸਿਰ ਡਾਕਟਰੀ ਦੇਖਭਾਲ ਜਿਸ ਵਿੱਚ ਕੋਵਿਡ-19 ਟੈਸਟ ਸ਼ਾਮਲ ਹੈ ਲਈ ਆਵਾਜਾਈ ਕਰਨ ਲਈ ਢਾਂਚੇ ਹਨ। ਜਦੋਂ ਤੱਕ ਟੈਸਟ ਦੇ ਨਤੀਜੇ ਦਾ ਇੰਤਜ਼ਾਰ ਕੀਤਾ ਜਾਂਦਾ ਹੈ, ਇਨ੍ਹਾਂ ਵਿਅਕਤੀਆਂ ਨੂੰ ਅਲੱਗ ਰੱਖਣ ਲਈ ਛੇਤੀ ਨਾਲ ਇਕ ਹੋਟਲ ਰੂਮ ਦਿੱਤਾ ਜਾਂਦਾ ਹੈ । ਉਹਨਾਂ ਬੇਘਰੇ ਵਿਅਕਤੀਆਂ ਦੇ ਘਰ ਰਹਿਣ ਲਈ ਯੁਬਾ-ਸੁਟਰ ਫੇਅਰਗ੍ਰਾਉਂਡਸ ਵਿਖੇ ਪਹਿਲਾਂ ਹੀ ਛੇ ਟ੍ਰੇਲਰ ਸਥਾਪਤ ਕੀਤੇ ਗਏ ਹਨ ਜਿਹਨਾਂ ਦਾ ਕੋਵਿਡ-19 ਟੈਸਟ ਪਾਜ਼ਟਿਵ ਆਉਂਦਾ ਹੈ।

## ਕੀ ਸਾਡਾ ਸਥਾਨਕ ਹਸਪਤਾਲ ਸਕਾਰਾਤਮਕ ਮਾਮਲਿਆਂ ਵਿੱਚ ਵਾਧੇ ਨੂੰ ਸੰਭਾਲ ਸਕਦਾ ਹੈ?

ਬਾਈ-ਕਾਉਂਟੀ ਸਟਾਫ ਨੇ ਵਾਧੇ ਦੀ ਸਮਰੱਥਾ ਯੋਜਨਾਬੰਦੀ ਨੂੰ ਹੱਲ ਕਰਨ ਲਈ ਐਡਵੈਂਟਿਸਟ-ਰਾਈਡਆਉਟ ਨਾਲ ਮਿਲ ਕੇ ਕੰਮ ਕੀਤਾ ਹੈ, ਜੋ ਕਿ ਅਪ੍ਰੈਲ ਦੇ ਅਰੰਭ ਤੋਂ ਕੰਮ ਕਰ ਰਿਹਾ ਹੈ। ਐਡਵੈਨਟਿਸਟ ਕੋਲ ਵਾਧਾ ਹੋਣ ਦੀ ਸਥਿਤੀ ਵਿਚ ਬੈੱਡਾਂ ਦੀ ਗਿਣਤੀ 221 ਤੋਂ 443 ਦੇ ਲਗਭਗ ਦੁੱਗਣੀ ਕਰਨ ਦੀ ਸਮਰੱਥਾ ਹੈ। ਕਾਉਂਟੀਜ਼ ਨੇ ਸਥਾਨਕ ਸਕੂਲ ਡਿਸਟ੍ਰਿਕਟ ਨਾਲ ਇਕਰਾਰਨਾਮਾ ਵੀ ਕੀਤਾ ਹੈ ਤਾਂ ਜੋ ਯੂਬਾ ਸਿਟੀ ਅਤੇ ਰਿਵਰ ਵੈਲੀ ਹਾਈ ਸਕੂਲ ਨੂੰ ਵਾਧੇ ਦੀ ਸਮਰੱਥਾ ਲਈ ਵਰਤਿਆ ਜਾ ਸਕੇ- ਜਿਹੜਾ ਵਾਧੂ 100 ਬੈੱਡ ਪ੍ਰਦਾਨ ਕਰੇਗਾ। ਲੋੜੀਂਦੀ ਸਪਲਾਈ ਆਰਡਰ ਕੀਤੀ ਗਈ ਹੈ ਅਤੇ ਜੇ ਜਰੂਰੀ ਹੋਵੇ ਤਾਂ ਇਹਨਾਂ ਸਾਈਟਾਂ ਲਈ ਉਪਲਬਧ ਹੈ।

ਐਡਵੈਂਟਿਸਟ ਵੀ ਉਨ੍ਹਾਂ ਦੇ ਕਰਮਚਾਰੀਆਂ ਦੀ ਉਪਲੱਬਧਤਾ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਲੋੜ ਪੈਣ ਤੇ ਸਟਾਫ ਵਧਾਉਣ ਲਈ, ਸਟਰ, ਐਂਪਲਾ, ਪੀਚ ਟ੍ਰੀ ਨਾਲ ਸਾਂਝੇਦਾਰੀ ਕੀਤੀ ਜਾ ਸਕਦੀ ਹੈ।

ਬਾਈ-ਕਾਉਂਟੀ ਸਿਹਤ ਅਫਸਰ ਡਾ. ਫਿਆਂਗ ਲੂ ਵੀ ਇਸ ਖੇਤਰ ਵਿਚ ਰਿਹਾਇਸ਼ੀ ਦੇਖਭਾਲ ਦੀਆਂ ਸਾਰੀਆਂ ਸਹੂਲਤਾਂ ਨੂੰ ਹਫਤਾਵਾਰੀ ਚੈਕ ਕਰਦੇ ਹਨ।